**ਅੰਡੀਸ਼ਨ ਫਾਰ ਸਿੱਖਸ ਆਫ ਅਮਰੀਕਾ ਵਰਲਡ ਕੰਪੀਟੀਸ਼ਨ**
**ਸਵਾਲ ਸੰਖੇਪ ਵਿੱਚ ਪੁੱਛੇ ਜਾਣਗੇ।**
**ਜਵਾਬ ਵਿਸਥਾਰ ਵਿੱਚ ਦਿੱਤੇ ਜਾਣ।**

**ਗੁਰੂ ਗੋਬਿੰਦ ਸਿੰਘ ਜੀ**

ਪ1.ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?
ਉ.ਸਿੱਖਾਂ ਦੇ ਆਖਰੀ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪੋਹ ਸੁਦੀ ਸੱਤਵੀਂ ,23 ਪੋਹ 1723 ਬਿਕਰਮੀ ਸੰਮਤ,22 ਸਤੰਬਰ 1666 ਨੂੰ ਪਟਨਾ ਵਿਖੇ ਹੋਇਆ। ਉਸ ਸਮੇਂ ਉਨ੍ਹਾਂ ਦੇ ਪਿਤਾ ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਅਸਾਮ ਅਤੇ ਬੰਗਾਲ ਦੀ ਯਾਤਰਾ ਉੱਪਰ ਸਨ।

ਪ2.ਪਟਨਾ ਵਾਪਸ ਮੁੜਨ ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਰਿਵਾਰ ਨੂੰ ਕਿੱਥੇ ਜਾਣ ਨੂੰ ਕਿਹਾ?
ਉ. 1670 ਵਿੱਚ ਜਦੋਂ ਗੁਰੂ ਤੇਗ਼ ਬਹਾਦਰ ਜੀ ਪਟਨਾ ਪਰਤੇ ਤਾਂ ਉਨ੍ਹਾਂ ਆਪਣੇ ਪਰਿਵਾਰ ਨੂੰ ਪੰਜਾਬ ਜਾਣ ਵਾਸਤੇ ਕਿਹਾ। ਪਟਨਾ ਸਾਹਿਬ ਦਾ ਉਹ ਸਥਾਨ ਜਿੱਥੇ ਗੁਰੂ ਗੋਬਿੰਦ ਸਿੰਘ ਦਾ ਜਨਮ ਹੋਇਆ ਅਤੇ ਜਿੱਥੇ ਉਨ੍ਹਾਂ ਨੇ ਆਪਣਾ ਬਚਪਨ ਬਿਤਾਇਆ ਉਸ ਜਗ੍ਹਾ ਉੱਪਰ ਗੁਰਦੁਆਰਾ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸ਼ੁਸੋਭਿਤ ਹੈ।

ਪ3.ਗੁਰੂ ਗੋਬਿੰਦ ਸਿੰਘ ਜੀ ਨੂੰ ਕਿੱਥੇ ਲਿਜਾਇਆ ਗਿਆ?
ਉ.ਗੁਰੂ ਗੋਬਿੰਦ ਸਿੰਘ ਜੀ 1675 ਪੰਜ ਤਖ਼ਤਾਂ ਵਿਚੋਂ ਇੱਕ ਤਖ਼ਤ ਸ੍ਰੀ ਅਨੰਦਪੁਰ ਸਾਹਿਬ ਜਿਸ ਨੂੰ ਉਸ ਸਮੇਂ ਚੱਕ ਨਾਨਕੀ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਜੋ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਸਥਿਤ ਹੈ ਵਿਖੇ ਪਰਿਵਾਰ ਸਮੇਤ ਪਹੁੰਚੇ। ਇਸ ਜਗ੍ਹਾ ਉੱਪਰ ਉਨ੍ਹਾਂ ਦੀ ਮੁੱਢਲੀ ਸਿੱਖਿਆ ਹੋਈ ਜਿਸ ਵਿੱਚ ਪੰਜਾਬੀ, ਬ੍ਰਿਜ, ਸੰਸਕ੍ਰਿਤ ਅਤੇ ਫਾਰਸੀ ਸ਼ਾਮਲ ਸਨ। ਉਸ ਸਮੇਂ ਸਿਰਫ ਨੌ ਸਾਲ ਦੇ ਹੀ ਸਨ ਜਦੋਂ ਉਨ੍ਹਾਂ ਦੀ ਜ਼ਿੰਦਗੀ ਅਤੇ ਸਿੱਖ ਕੌਮ ਦੇ ਇਤਿਹਾਸ ਵਿੱਚ ਵੱਡਾ ਬਦਲਾਅ ਆਇਆ।

ਪ4. ਸਿੱਖ ਕੌਮ ਦੀ ਵਾਗਡੋਰ ਕਿਸ ਦੇ ਹੱਥ ਆਈ?
ਉ. 1675 ਵਿੱਚ ਮੁਗਲ ਜਰਨੈਲ ਇਫਤਿਕਾਰ ਖਾਨ ਦੇ ਸਤਾਏ ਕਸ਼ਮੀਰੀ ਬ੍ਰਾਹਮਣ ਅਨੰਦਪੁਰ ਸਾਹਿਬ ਵਿਖੇ ਗੁਰ ਤੇਗ ਬਹਾਦਰ ਜੀ ਪਾਸੋਂ ਮਦਦ ਮੰਗਣ ਆਏ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਨੌਂ ਸਾਲ ਸੀ।ਉਹ ਆਪਣੇ ਸਾਥੀਆਂ ਨਾਲ ਖੇਡਦੇ ਖੇਡਦੇ ਉਸ ਜਗ੍ਹਾ ਆਏ ਤਾਂ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਪੁੱਛਿਆ ਕਿ ਪੰਡਿਤਾਂ ਦੇ ਚਿਹਰੇ ਉਦਾਸ ਕਿਉਂ ਹਨ। ਕੋਇਰ ਸਿੰਘ ਦੇ ਲਿਖੇ ਗ੍ਰੰਥ ਗੁਰਬਿਲਾਸ ਪਾਤਸ਼ਾਹੀ ਦਸਵੀਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੇ ਜਵਾਬ ਦਿੱਤਾ ਕਿ ਇਸ ਧਰਤੀ ਉੱਪਰ ਬਹੁਤ ਬੋਝ ਹੈ,ਇਹ ਬੋਝ ਤਾਂ ਹੀ ਘੱਟ ਹੋਵੇਗਾ ਜਦੋਂ ਕੋਈ ਬਹੁਤ ਮਹਾਨ ਇਨਸਾਨਆਪਣਾ ਸਿਰ ਭੇਟ ਕਰੇਗਾ।

ਪ5. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਦੋਂ ਹੋਈ?
ਉ. ਉਸ ਸਮੇਂ ਉਦਾਸੀ ਦੂਰ ਹੋ ਗਈ ਅਤੇ ਹਰ ਪਾਸੇ ਖੁਸ਼ੀ ਛਾ ਗਈ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਪਿਤਾ ਜੀ ਸ਼ਹਾਦਤ ਵਾਸਤੇ ਤੁਹਾਡੇ ਤੋਂ ਮਹਾਨ ਰੂਹ ਹੋਰ ਕੌਣ ਹੋ ਸਕਦੀ ਹੈ। ਇਹ ਗੱਲ ਗੁਰੂ ਗੋਬਿੰਦ ਸਿੰਘ ਜੀ ਨੇ ਬਾਲਪਨ ਵਿੱਚ ਹੀ ਕਹੀ।ਸ੍ਰੀ ਗੁਰੂ ਤੇਗ ਬਹਾਦਰ ਜਲਦੀ ਹੀ ਦਿੱਲੀ ਪਹੁੰਚੇ ਅਤੇ 11 ਨਵੰਬਰ 1675 ਨੂੰ ਚਾਂਦਨੀ ਚੌਕ ਵਿਖੇ ਸ਼ਹੀਦ ਹੋਏ।ਗੁਰੂ ਗੋਬਿੰਦ ਸਿੰਘ ਮੱਘਰ ਸੁਦੀ ਪੰਜਵੀ 11 ਮੱਘਰ 1732 ਸੰਮਤ, 11 ਨਵੰਬਰ 1675 ਨੂੰ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ।ਉਨ੍ਹਾਂ ਨੇ ਆਪਣੀ ਕੌਮ ਨੂੰ ਸੇਧਿਤ ਕਰਦਿਆਂ ਸਰੀਰਕ ਬਲ ਅਤੇ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

ਪ6. ਗੁਰੂ ਗੋਬਿੰਦ ਸਿੰਘ ਜੀ ਨੂੰ ਕੁਦਰਤੀ ਤੌਰ ਤੇ ਕਿਸ ਚੀਜ਼ ਵਿੱਚ ਮੁਹਾਰਤ ਹਾਸਲ ਸੀ?
ਉ. ਗੁਰੂ ਜੀ ਕੁਦਰਤੀ ਤੌਰ ਤੇ ਕਵਿਤਾ ਰਚਣ ਵਿੱਚ ਨਿਪੁੰਨ ਸਨ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਮੁੱਢਲੇ ਸਾਲ ਇਸ ਕਲਾ ਨੂੰ ਸਮਰਪਿਤ ਕੀਤੇ। ਵਾਰ ਸ੍ਰੀ ਭਗਉਤੀ ਜੀ ਕੀ ਚੰਡੀ ਦੀ ਵਾਰ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1684 ਵਿੱਚ ਲਿਖਿਆ ਉਨ੍ਹਾਂ ਦੀ ਪਹਿਲੀ ਰਚਨਾ ਸੀ।ਚੰਡੀ ਦੀ ਵਾਰ ਵਿੱਚ ਦੇਵਤਿਆਂ ਅਤੇ ਰਾਖ਼ਸ਼ਾਂ ਦੇ ਯੁੱਧ ਦਾ ਵਰਨਣ ਹੈ ਜੋ ਮਾਰਕੰਡੇ ਪੁਰਾਣ ਵਿੱਚੋਂ ਵੀ ਮਿਲਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਚੰਡੀ ਚਰਿੱਤਰ ਸਮੇਤ ਹੋਰ ਕਈ ਰਚਨਾਵਾਂ ਨੂੰ ਜਨਮ ਦਿੱਤਾ।ਇਨ੍ਹਾਂ ਵਿੱਚੋਂ ਜ਼ਿਆਦਾਤਰ ਬ੍ਰਿਜ ਭਾਸ਼ਾ ਵਿੱਚ ਸਨ। ਉਨ੍ਹਾਂ ਦੀਆਂ ਰਚਨਾਵਾਂ ਆਮ ਲੋਕਾਂ ਵਿੱਚ ਜ਼ੁਲਮ ਅਤੇ ਜੰਗ ਖਿਲਾਫ ਲੜਨ ਲਈ ਜਜ਼ਬਾ ਭਰਦੀਆਂ ਸਨ।

ਪ7. ਗੁਰੂ ਗੋਬਿੰਦ ਸਿੰਘ ਜੀ ਨੇ ਜ਼ਿਆਦਾ ਸਾਹਿਤਕ ਰਚਨਾਵਾਂ ਕਿੱਥੇ ਰਚੀਆਂ?
ੳ.ਗੁਰੂ ਸਾਹਿਬ ਜੀ ਨ ਜ਼ਿਆਦਾ ਸਾਹਿਤਕ ਰਚਨਾਵਾਂ ਪਾਉਂਟਾ ਸਾਹਿਬ ਵਿਖੇ ਉਚਾਰੀਆਂ।ਇਹ ਨਗਰ ਗੁਰੂ ਗੋਬਿੰਦ ਸਿੰਘ ਜੀ ਨੇ ਯਮਨਾ ਨਦੀ ਦੇ ਕੰਢੇ ਵਸਾਇਆ ਅਤੇ ਅਪਰੈਲ 1685 ਨੂੰ ਇੱਥੇ ਕੁਝ ਸਮੇਂ ਲਈ ਚ ਠਹਿਰਾਅ ਕੀਤਾ।
ਕਵਿਤਾ ਰਚਨਾ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਮਕਸਦ ਨਹੀਂ ਸੀ। ਉਨ੍ਹਾਂ ਦਾ ਅਸਲ ਮਕਸਦ ਪਰਮਾਤਮਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ,ਜਿਸ ਕੰਮ ਵਾਸਤੇ ਅਕਾਲ ਪੁਰਖ ਨੇ ਉਨ੍ਹਾਂ ਨੂੰ ਧਰਤੀ ਉੱਪਰ ਭੇਜਿਆ ਸੀ।

ਪ8. ਉਨ੍ਹਾਂ ਆਪਣੀ ਕਵਿਤਾ ਦੇ ਰਾਹੀਂ ਕੀ ਸਿੱਖਿਆ ਦਿੱਤੀ?
ੳ. ਉਨ੍ਹਾਂ ਇਸ ਬਾਣੀ ਵਿੱਚ ਜਾਪ ਸਾਹਿਬ ਅਤੇ ਅਕਾਲ ਉਸਤਤ ਦੀ ਰਚਨਾ ਵੀ ਕੀਤੀ ਜਿਸ ਵਿੱਚ ਉਨ੍ਹਾਂ ਨੇ ਪਿਆਰ, ਬਰਾਬਰੀ ਅਤੇ ਨੈਤਿਕ ਜੀਵਨ ਜਾਂਚ ਦੀ ਗੱਲ ਕੀਤੀ।ਉਨ੍ਹਾਂ ਨੇ ਸਰਵ ਉੱਚ ਪ੍ਰਮਾਤਮਾ ਦੀ ਭਗਤੀ ਦੀ ਗੱਲ ਕੀਤੀ ਅਤੇ ਬੁੱਤ ਪ੍ਰਸਤੀ ਅਤੇ ਵਹਿਮਾਂ ਭਰਮਾਂ ਨੂੰ ਖਾਰਜ ਕੀਤਾ।ਉਨ੍ਹਾਂ ਬਾਣੀ ਵਿੱਚ ਚੰਡੀ ਤਲਵਾਰ ਦੀ ਮਹਿਮਾ ਗਾਇਨ ਕੀਤੀ ਜਿਸ ਰਾਹੀਂ ਅਕਾਲ ਪੁਰਖ ਦਾ ਨਿਆਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਪ9. ਕਿਰਪਾਨ ਦਾ ਕੀ ਮਤਲਬ ਸੀ ਅਤੇ ਕਿਸ ਦਾ ਚਿੰਨ੍ਹ ਸੀ?
ੳ. ਕਿਰਪਾਨ ਕਦੇ ਵੀ ਹਮਲਾਵਰ ਹੋਣ ਦਾ ਚਿੰਨ੍ਹ ਨਹੀਂ ਸੀ ਅਤੇ ਨਾ ਹੀ ਆਪਣਾ ਦਬਦਬਾ ਕਾਇਮ ਕਰਨ ਲਈ ਵਰਤੀ ਜਾਂਦੀ ਸੀ।ਇਹ ਮਨੁੱਖਤਾ ਅਤੇ ਸਵੈਭਿਮਾਨ ਦਾ ਚਿੰਨ੍ਹ ਸੀ ਜਿਸ ਨੂੰ ਸਿਰਫ ਆਤਮ ਰੱਖਿਆ ਲਈ ਆਖਰੀ ਹਥਿਆਰ ਵਜੋਂ ਵਰਤਿਆ ਜਾਂਦਾ ਸੀ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਵਿੱਚ ਫ਼ਾਰਸੀ ਦੇ ਇੱਕ ਦੋਹਰੇ ਵਿੱਚ ਇਸ ਗੱਲ ਦਾ ਜ਼ਿਕਰ ਕੀਤਾ ਹੈ ਕਿ ਜਦੋਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਤਾਂ ਉਨ੍ਹਾਂ ਨੇ ਤਲਵਾਰ ਦੇ ਮੁੱਠੇ ਨੂੰ ਹੱਥ ਪਾਇਆਜੋ ਬਿਲਕੁੱਲ ਜਾਇਜ਼ ਸੀ।

ਪ10.ਪਾਉਂਟਾ ਸਾਹਿਬ ਵਿਖੇ ਕੀਤੇ ਠਹਿਰਾਅ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕੀਤਾ?
ੳ. ਪਾਉਂਟਾ ਸਾਹਿਬ ਵਿਖੇ ਰਹਿੰਦਿਆਂ ਗੁਰੂ ਸਾਹਿਬ ਬਚੇ ਹੋਏ ਸਮੇਂ ਦੌਰਾਨ ਸਰੀਰਕ ਕਿਰਿਆਵਾਂ ਜਿਵੇਂ ਤੈਰਾਕੀ, ਘੋੜ ਸਵਾਰੀ ਅਤੇ ਤੀਰਅੰਦਾਜ਼ੀ ਕਰਦੇ। ਉਨ੍ਹਾਂ ਦਾ ਇਲਾਕੇ ਵਿੱਚ ਪ੍ਰਭਾਵ ਵਧਣ ਲੱਗਾ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਦੀ ਸ਼ਸਤਰ ਵਿੱਦਿਆ ਤੋਂ ਗੁਆਂਢੀ ਰਾਜਪੂਤ ਪਹਾੜੀ ਰਾਜੇ ਈਰਖਾ ਕਰਨ ਲੱਗੇ ਤੇ ਪਹਾੜੀ ਰਾਜਿਆਂ ਦੇ ਮੁਖੀ ਫਤਹਿ ਚੰਦ ਗੜਵਾਲ ਨੇ ਪਹਾੜੀ ਰਾਜਿਆਂ ਨੂੰ ਇਕੱਠਿਆ ਕਰ ਗੁਰੂ ਸਾਹਿਬ ਉੱਪਰ ਹਮਲਾ ਕੀਤਾ। ਪਾਉਂਟਾ ਸਾਹਿਬ ਤੋਂ ਦਸ ਕਿਲੋਮੀਟਰ ਉੱਤਰ ਵੱਲ 18 ਸਤੰਬਰ 1688 ਵਿੱਚ ਭੰਗਾਣੀ ਵਿਖੇ ਹੋਏ ਯੁੱਧ ਵਿੱਚ ਇਨ੍ਹਾਂ ਦੀ ਬੁਰੀ ਹਾਰ ਹੋਈ।ਇਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਵਿਖੇ ਚਲੇ ਗਏ ਜਿੱਥੇ ਉਨ੍ਹਾਂ ਪਹਾੜੀ ਰਾਜਿਆਂ ਦੀ ਲਗਾਤਾਰ ਦੁਸ਼ਮਣੀ ਕਾਰਨ ਕਿਲ੍ਹਿਆਂ ਦਾ ਨਿਰਮਾਣ ਕੀਤਾ।

ਪ11. ਗੁਰੂ ਸਾਹਿਬ ਦੇ ਮੁਗਲ ਜਰਨੈਲਾਂ ਨਾਲ ਹੋਏ ਯੁੱਧਾਂ ਦਾ ਵਰਨਣ ਕਰੋ?
ੳ. ਗੁਰੂ ਸਾਹਿਬ ਅਤੇ ਸਿੱਖਾਂ ਦੀ ਮੁਗ਼ਲ ਜਰਨੈਲ ਅਲਫ਼ ਖ਼ਾਨ ਨਾਲ ਨਦੌਣ ਜੋ ਬਿਆਸ ਨਦੀ ਦੇ ਖੱਬੇ ਕਿਨਾਰੇ ਉੱਪਰ ਵੱਸਿਆ ਹੈ ਅਤੇ ਕਾਂਗੜਾ ਤੋਂ ਤੀਹ ਕਿਲੋਮੀਟਰ ਦੂਰ ਹੈ, ਵਿਖੇ 22 ਚੇਤ 1747 ਬਿਕਰਮੀ ਸੰਮਤ 30 ਮਾਰਚ 1691 ਨੂੰ ਯੁੱਧ ਹੋਇਆ। ਇਸ ਗੱਲ ਦਾ ਜ਼ਿਕਰ ਗੁਰੂ ਗੋਬਿੰਦ ਸਿੰਘ ਬਚਿੱਤਰ ਨਾਟਕ ਵਿੱਚ ਕਰਦੇ ਹਨ ਕਿ ਅਲਫ਼ ਖ਼ਾਨ ਖ਼ਾਲਸਾ ਫ਼ੌਜ ਨੂੰ ਨਾ ਗੌਲਦੇ ਹੋਏ ਆਪਣੇ ਲਾਮ ਲਸ਼ਕਰ ਨਾਲ ਵਧਦਾ ਆ ਰਿਹਾ ਸੀ।
ਇਸ ਤੋਂ ਇਲਾਵਾ ਹੋਰ ਜੰਗ 22 ਫਰਵਰੀ 1696 ਨੂੰ ਹੁਸੈਨ ਖਾਨ ਵਿਰੁੱਧ ਲੜੀ ਗਈ।

ਪ12.ਸਿੱਖਾਂ ਦੀ ਫੈਸਲਾਕੁੰਨ ਜਿੱਤ ਕਿਹੜੀ ਸੀ?
ੳ. ਹੁਸੈਨ ਖਾਨ ਨੂੰ ਹਰਾਉਣਾ ਸਿੱਖਾਂ ਦੀ ਫੈਸਲਾਕੁੰਨ ਜਿੱਤ ਸੀ।ਇਸ ਮੁਗਲ ਜਰਨੈਲ ਤੋਂ ਬਾਅਦ ਖੁੱਲ੍ਹੇ ਖਿਆਲਾਂ ਦੇ ਸ਼ਹਿਜ਼ਾਦਾ ਮੌਜ਼ਮ(ਬਾਅਦ ਤੇ ਚ ਬਾਦਸ਼ਾਹ ਬਹਾਦਰ ਸ਼ਾਹ) ਪੰਜਾਬ ਸਮੇਤ ਉੱਤਰ ਪੱਛਮ ਦੇ ਖਿੱਤੇ ਦਾ ਮੁਗ਼ਲ ਜਰਨੈਲ ਥਾਪਿਆ ਗਿਆ।ਇਸ ਨਾਲ ਸਿੱਖਾਂ ਉੱਪਰ ਦਬਾਅ ਘਟਿਆ।

ਪ13.  ਮਸੰਦਾਂ ਨਾਲ ਨਾ ਮਿਲ ਵਰਤਣ ਦੀ ਹਦਾਇਤ ਗੁਰੂ ਗੋਬਿੰਦ ਸਿੰਘ ਜੀ ਨੇ ਕਦੋਂ ਕੀਤੀ?
ੳ. ਮਸੰਦਾਂ ਖ਼ਿਲਾਫ਼ ਸ਼ਿਕਾਇਤਾਂ ਸੁਣਨ ਤੋਂ ਬਾਅਦ 1696 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਧਿਆਨ ਕੀਤੀ ਕਿ ਉਹ ਮਸੰਦਾਂ ਨਾਲ ਨਾ ਮਿਲਣ ਵਰਤਣ।ਗੁਰੂ ਸਾਹਿਬ ਨੇ ਸਿੱਖਾਂ ਨੂੰ ਬਿਨਾਂ ਕਿਸੇ ਵਿਚੋਲੇ ਤੋਂ ਸਿੱਧਾ ਆ ਕੇ ਮਿਲਣ ਲਈ ਕਿਹਾ। ਗੁਰੂ ਸਾਹਿਬ ਸਿੱਖਾਂ ਨੂੰ ਸਿੱਧਾ ਆਪ ਮਿਲਦੇ ਅਤੇ ਉਨ੍ਹਾਂ ਨੂੰ ਖਾਲਸਾ ਕਹਿ ਕੇ ਬੁਲਾਉਂਦੇ।

ਪ14. ਖਾਲਸਾ ਕਦੋਂ ਸਿਰਜਿਆ ਗਿਆ?
ੳ. 30 ਮਾਰਚ 1699 ਨੂੰ ਆਨੰਦਪੁਰ ਸਾਹਿਬ ਵਿਖੇ ਵਿਸਾਖੀ ਉੱਪਰ ਸਿੱਖ ਸੰਗਤਾਂ ਦੇ ਇਕੱਠ ਦੌਰਾਨ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ। ਕਵੀ ਕੋਇਰ ਸਿੰਘ ਦੀ ਲਿਖਤ ਗੁਰਬਿਲਾਸ ਪਾਤਸ਼ਾਹੀ ਦਸਵੀਂ ਅਨੁਸਾਰ ਗੁਰੂ ਗੋਬਿੰਦ ਸਿੰਘ ਉਸ ਦਿਨ ਸਟੇਜ ਉੱਪਰਆਏ ਅਤੇ ਹੱਥ ਵਿੱਚ ਨੰਗੀ ਤਲਵਾਰ ਲਹਿਰਾਉਂਦਿਆਂ ਬੋਲੇ ਕਿ ਇੱਥੇ ਕੋਈ ਸੱਚਾ ਸਿੱਖ ਹੈ ਜੋ ਉਨ੍ਹਾਂ ਨੂੰ ਆਪਣਾ ਸਿਰ ਭੇਟ ਕਰ ਸਕੇ। ਇਹ ਸੁਣਦਿਆਂ ਸੰਗਤ ਵਿੱਚ ਚੁੱਪ ਛਾ ਗਈ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਤੀਜੀ ਵਾਰ ਇਹ ਲਫਜ਼ ਬੋਲੇ ਤਾਂ ਲਾਹੌਰ ਦਾ ਦਿਆ ਰਾਮ ਖੱਤਰੀ ਉੱਠਿਆ ਅਤੇ ਆਪਣਾ ਸਿਰ ਭੇਂਟ ਕਰਨ ਲਈ ਉਠਿਆ।

ਪ15 ਜਦੋਂ ਗੁਰੂ ਜੀ ਵਾਪਸ ਆਏ ਤਾਂ ਕੀ ਨਜ਼ਾਰਾ ਸੀ?
ੳ. ਜਦੋਂ ਗੁਰੂ ਗੋਬਿੰਦ ਸਿੰਘ ਸਟੇਜ ਉੱਪਰ ਮੁੜ ਆਏ ਤਾਂ ਉਨ੍ਹਾਂ ਦੇ ਹੱਥ ਵਿੱਚ ਕਿਰਪਾਨ ਸੀ ਜਿਸ ਉੱਤੋਂ ਖ਼ੂਨ ਦੇ ਛਿੱਟੇ ਟੇ ਡਿੱਗ ਰਹੇ ਸਨ। ਉਨ੍ਹਾਂ ਨੇ ਇੱਕ ਹੋਰ ਸਿਰ ਲਈ ਕਿਹਾ ਤਾਂ ਹਸਤਨਾਪੁਰ ਦੇ ਜੱਟ ਧਰਮ ਦਾਸ ਨੇ ਆਪਣਾ ਸਿਰ ਭੇਟ ਕੀਤਾ ਤੇ ਇਸ ਤੋਂ ਬਾਅਦ ਗੁਰੂ ਸਾਹਿਬ ਨੇ ਤਿੰਨ ਸਿਰ ਹੋਰ ਮੰਗੇ। ਜਿਨ੍ਹਾਂ ਵਿੱਚ ਦਵਾਰਕਾ ਦੇ ਧੋਬੀ ਮੋਹਕਮ ਚੰਦ, ਜਗਨਨਾਥ ਪੁਰ ਦੇ ਝੀਰ ਹਿੰਮਤ ਅਤੇ ਬਿਦਰ ਦੇ ਨਾਈ ਸਾਹਿਬ ਚੰਦ ਆਪਣਾ ਸਿਰ ਭੇਂਟ ਕਰਨ ਲਈ ਅੱਗੇ ਆਏ।

ਪ16. ਪਹਿਲੇ ਪੰਜ ਪਿਆਰਿਆਂ ਨੂੰ ਕਿਵੇਂ ਤਿਆਰ ਕੀਤਾ ਗਿਆ?
ੳ. ਜਦੋਂ ਉਨ੍ਹਾਂ ਪੰਜਾਂ ਨੂੰ ਤੰਬੂ ਵਿਚੋਂ ਬਾਹਰ ਲਿਆਂਦਾ ਗਿਆ ਤਾਂ ਉਨ੍ਹਾਂ ਨੇ ਕੇਸਰੀ ਰੰਗ ਦੇ ਕੱਪੜੇ ਪਹਿਨੇ ਹੋਏ ਸਨ ਅਤੇ ਇੱਕੋ ਹੀ ਰੰਗ ਦੀਆਂ ਸੁੰਦਰ ਦਸਤਾਰਾਂ ਸਜਾਈਆਂ ਹੋਈਆਂ ਸਨ ਅਤੇ ਇੱਕ ਪਾਸੇ ਤੇਗਾਂ ਲਟਕ ਰਹੀਆਂ ਸਨ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਮਿੱਠੇ ਜਲ ਵਿੱਚ ਦੋ ਧਾਰਾ ਖੰਡਾ ਫੇਰ ਕੇ ਖੰਡੇ ਦੀ ਪਾਹੁਲ ਤਿਆਰ ਕੀਤੀ।ਇਹ ਪਹੁਲ ਉਨ੍ਹਾਂ ਪੰਜਾਂ ਨੂੰ ਛਕਾਈ ਗਈ ਤੇ ਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਪਿਆਰਿਆਂ ਦਾ ਨਾਮ ਦਿੱਤਾ।ਇਹ ਪੰਜ ਜਾਤ ਪਾਤ ਤੋਂ ਰਹਿਤ ਅਤੇ ਜੁਝਾਰੂ ਖਾਲਸੇ ਦਾ ਧੁਰਾ ਬਣੇ। ਸਾਰਿਆਂ ਦੇ ਨਾਮ ਨਾਲ ਸਿੰਘ ਲਫ਼ਜ਼ ਜੋੜਿਆ ਗਿਆ ਜਿਸ ਦਾ ਮਤਲਬ ਸ਼ੇਰ ਹੈ ਅਤੇ ਇਨ੍ਹਾਂ ਨੂੰ ਭਵਿੱਖ ਵਿੱਚ ਖਾਲਸੇ ਦੀਆਂ ਪੰਜ ਨਿਸ਼ਾਨੀਆਂ ਪਹਿਨਣਾ ਜ਼ਰੂਰੀ ਕੀਤੀਆਂ। ਇਨ੍ਹਾਂ ਵਿੱਚ ਕੇਸ,ਕੰਘਾ, ਕਛਹਿਰਾ, ਕ੍ਰਿਪਾਨ ਅਤੇ ਕੜਾ ਸ਼ਾਮਲ ਹੈ।

ਪ17. ਮਜ਼ਲੂਮਾਂ ਦੀ ਰੱਖਿਆ ਅਤੇ ਜ਼ਬਰ ਦਾ ਟਾਕਰਾ ਕਰਨ ਵਾਸਤੇ ਕਿਸ ਦੀ ਸਾਜਣਾ ਕੀਤੀ ਗਈ?
ੳ. ਮਜ਼ਲੂਮਾਂ ਦੀ ਰੱਖਿਆ ਅਤੇ ਜਬਰ ਦਾ ਟਾਕਰਾ ਕਰਨ ਲਈ ਖਾਲਸਾ ਪੰਥ ਦੀ ਸਾਜਨਾ ਕੀਤੀ ਗਈ।ਖ਼ਾਲਸਾ ਇੱਕ ਰੱਬ ਨੂੰ ਮੰਨਦਾ ਅਤੇ ਸਾਰੇ ਇਨਸਾਨਾਂ ਨੂੰ ਬਿਨਾਂ ਕਿਸੇ ਜਾਤ ਪਾਤ ਜਾਂ ਧਰਮ ਦੇ ਭੇਦ ਤੋਂ ਇੱਕ ਸਮਝਦਾ ਹੈ।

ਪ18. ਪੰਜਾਂ ਪਿਆਰਿਆਂ ਪਾਸੋਂ ਸਭ ਤੋਂ ਪਹਿਲਾਂ ਕਿਸ ਨੇ ਅੰਮ੍ਰਿਤ ਛਕਿਆ?
ੳ.ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛੱਕਿਆ ਅਤੇ ਉਨ੍ਹਾਂ ਦਾ ਨਾਮ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਹੋ ਗਿਆ। ਜਿਵੇਂ ਕਿ ਕਵੀ ਲਿਖਦਾ ਹੈ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ"। ਇਸ ਤੋਂ ਇਲਾਵਾ ਖਾਲਸੇ ਨੂੰ ਹਿਦਾਇਤਾਂ ਕੀਤੀਆਂ ਗਈਆਂ ਕਿ ਖ਼ਾਲਸੇ ਨੇ ਕਦੇ ਕੇਸ ਕਤਲ ਨਹੀਂ ਕਰਵਾਉਣੇ,ਤੰਬਾਕੂ ਨਹੀਂ ਖਾਣਾ ਅਤੇ ਵਿਆਹ ਤੋਂ ਬਾਹਰ ਕਿਸੇ ਨਾਲ ਸਰੀਰਕ ਸੰਬੰਧ ਨਹੀਂ ਬਣਾਉਣੇ ਤੇ ਨਾ ਹੀ ਹਲਾਲ ਖਾਣਾ ਹੈ।

ਪ19 ਇਸ ਘਟਨਾ ਤੋਂ ਕੌਣ ਚੇਤੰਨ ਹੋਇਆ?
ੳ. ਖ਼ਾਲਸਾ ਸਾਜਨਾ ਤੋਂ ਜਾਤ ਪਾਤ ਵਿੱਚ ਗ੍ਰਸੇ ਰਾਜਪੂਤ ਪਹਾੜੀ ਰਾਜੇ ਚੇਤੰਨ ਹੋਏ। ਇਹ ਪਹਾੜੀ ਰਾਜੇ ਬਿਲਾਸਪੁਰ ਦੇ ਰਾਜੇ ਦੀ ਕਮਾਨ ਹੇਠ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਸਾਹਿਬ ਤੋਂ ਕੱਢਣ ਲਈ ਫ਼ੌਜ ਲੈ ਕੇ ਆਏ। 1700 ਤੋਂ 1704 ਤੱਕ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਸਾਹਿਬ ਤੋਂ ਕੱਢਣ ਲਈ ਅਨੇਕਾਂ ਹਮਲੇ ਕੀਤੇ ਪਰ ਕਾਮਯਾਬ ਨਾ ਹੁੰਦਿਆਂ ਵੇਖ ਬਾਦਸ਼ਾਹ ਔਰੰਗਜ਼ੇਬ ਨੂੰ ਮਦਦ ਕਰਨ ਲਈ ਕਿਹਾ।ਉਸ ਨੇ ਸਰਹਿੰਦ ਦੇ ਫੌਜਦਾਰ ਅਤੇ ਲਾਹੌਰ ਦੇ ਗਵਰਨਰ ਨੂੰ ਫੌਜ ਦੇਖ ਕੇ ਆਨੰਦਪੁਰ ਸਾਹਿਬ ਵੱਲ ਭੇਜਿਆ, ਜਿਨ੍ਹਾਂ ਨੇ ਜੇਠ 1762 ਸੰਮਤ, ਮਈ 1705 ਨੂੰ ਆਨੰਦਪੁਰ ਸਾਹਿਬ ਨੂੰ ਕਈ ਮਹੀਨੇ ਘੇਰਾ ਪਾਈ ਰੱਖਿਆ।

ਪ20. ਇੰਨੇ ਜਬਰ ਅਤੇ ਖਾਣੇ ਦੀ ਘਾਟ ਦੇ ਜਬਰ ਦਾ ਟਾਕਰਾ ਕਰਨ ਲਈ ਕੌਣ ਖੜ੍ਹਿਆ?
ੳ. ਗੁਰੂ ਗੋਬਿੰਦ ਸਿੰਘ ਅਤੇ ਸਿੱਖ ਖਾਣੇ ਦੀ ਘਾਟ ਦੇ ਬਾਵਜੂਦ ਇਨ੍ਹਾਂ ਹਮਲਿਆਂ ਦਾ ਡਟ ਕੇ ਮੁਕਾਬਲਾ ਕਰਦੇ ਰਹੇ।ਇਸ ਲੰਮੇ ਘੇਰੇ ਕਾਰਨ ਸਿੱਖ ਫੌਜਾਂ ਦੀ ਹਾਲਤ ਬਹੁਤ ਹੀ ਮਾੜੀ ਹੋ ਗਈ। ਇਸ ਸਮੇਂ ਮੁਸਲਮਾਨ ਜਰਨੈਲਾਂ ਵੱਲੋਂ ਕੁਰਾਨ ਦੀ ਕਸਮ ਖਾਧੀ ਗਈ ਅਤੇ ਪਹਾੜੀ ਰਾਜਿਆਂ ਵੱਲੋਂ ਗਾਂ ਦੀ ਕਸਮ ਖਾਧੀ ਗਈ ਕਿ ਉਹ ਸਿੱਖਾਂ ਨੂੰ ਸੁਰੱਖਿਅਤ ਆਨੰਦਪੁਰ ਛੱਡ ਜਾਣ ਦੇਣਗੇ।

ਪ21.ਅਨੰਦਪੁਰ ਸਾਹਿਬ ਸ਼ਹਿਰ ਕਦੋਂ ਖਾਲੀ ਕੀਤਾ ਗਿਆ?
ੳ. ਪੋਹ ਦੀ ਪਹਿਲੀ ਦੀ ਰਾਤ 1762 ਸੰਮਤ, ਪੰਜ ਛੇ ਦਸੰਬਰ 1705  ਦੀ ਰਾਤ ਨੂੰ ਆਨੰਦਪੁਰ ਸਾਹਿਬ ਖ਼ਾਲੀ ਕੀਤਾ ਗਿਆ।ਜਿਵੇਂ ਹੀ ਖਾਲਸਾ ਅਤੇ ਗੁਰੂ ਬਾਹਰ ਨਿਕਲੇ ਤਾਂ ਪਹਾੜੀ ਰਾਜਿਆਂ ਨੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਜਿਸ ਵਿੱਚ ਵੱਡੀ ਗਿਣਤੀ ਚ ਸਿੱਖ ਸ਼ਹੀਦ ਹੋਏ ਅਤੇ ਖਾਲਸਾ ਪੰਥ ਦੇ ਮਹਾਨ ਗ੍ਰੰਥ ਅਤੇ ਹੋਰ ਖਜ਼ਾਨਾ ਵੀ ਤਬਾਹ ਹੋ ਗਿਆ। ਗੁਰੂ ਗੋਬਿੰਦ ਸਿੰਘ ਖੁਦ ਅਨੰਦਪੁਰ ਸਾਹਿਬ ਤੋਂ ਦੱਖਣ ਪੱਛਮ ਵੱਲ ਚਾਲੀ ਕਿਲੋਮੀਟਰ ਤੇ ਸਥਿਤ ਚਮਕੌਰ ਵੱਲ ਚਾਲੀ ਸਿੱਖਾਂ ਅਤੇ ਤੋਂ ਵੱਡੇ ਸਪੁੱਤਰਾਂ ਨਾਲ ਵਧੇ।

ਪ22.ਸੱਤ ਦਸੰਬਰ ਸਤਾਰਾਂ ਸੌ ਪੰਜ ਨੂੰ ਕੀ ਵਾਪਰਿਆ?
ੳ. ਸ਼ਾਹੀ ਫੌਜ ਗੁਰੂ ਗੋਬਿੰਦ ਸਿੰਘ ਜੀ ਦੇ ਕਾਫਲੇ ਦਾ ਪਿੱਛਾ ਕਰਦੀ ਆ ਰਹੀ ਸੀ। ਸੱਤ ਸਤੰਬਰ 1705 ਨੂੰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਨਾਲ ਪੰਜ ਹੋਰ ਸਿੰਘ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋਏ। ਬਚੇ ਸਿੰਘਾਂ ਵਿੱਚੋਂ ਪੰਜ ਸਿੰਘਾਂ ਨੇ ਗੁਰੂ ਜੀ ਨੂੰ ਹੁਕਮ ਸੁਣਾਇਆ ਕਿ ਉਹ ਇਸ ਜੰਗ ਚੋਂ ਨਿਕਲ ਜਾਣ ਤਾਂ ਜੋ ਖਾਲਸੇ ਨੂੰ ਮਜ਼ਬੂਤ ਕੀਤਾ ਜਾ ਸਕੇ। ਸ੍ਰੀ ਗੁਰੂ ਗੋਬਿੰਦ ਸਿੰਘ ਆਪਣੇ ਤਿੰਨ ਸਿੱਖਾਂ ਦੇ ਨਾਲ ਮਾਲਵੇ ਦੇ ਜੰਗਲਾਂ ਵੱਲ ਵਧੇ। ਗੁਰੂ ਜੀ ਦੇ ਦੋ ਮੁਸਲਿਮ ਸ਼ਰਧਾਲੂ ਗਨੀ ਖਾਂ ਅਤੇ ਨਬੀ ਖਾਂ ਨੇ ਇਸ ਘੇਰੇ ਵਿੱਚੋਂ ਬਚ ਨਿਕਲਣ ਲਈ ਗੁਰੂ ਸਾਹਿਬ ਦੀ ਮਦਦ ਕੀਤੀ।

ਪ23. ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਕੌਣ ਸਨ?
ੳ. ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਸਨ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਆਨੰਦਪੁਰ ਸਭ ਤੋਂ ਨਿਕਲਦਿਆਂ ਪਰਿਵਾਰ ਤੋਂ ਵਿਛੜ ਗਏ ਤਾਂ ਉਨ੍ਹਾਂ ਦੇ ਪੁਰਾਣੇ ਨੌਕਰ ਗੰਗੂ ਨੇ ਉਨ੍ਹਾਂ ਨੂੰ ਧੋਖੇ ਨਾਲ ਸਰਹਿੰਦ ਦੇ ਫੌਜਦਾਰ ਦੇ ਹਵਾਲੇ ਕਰ ਦਿੱਤਾ। ਇਨ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ 13  ਦਸੰਬਰ 1705 ਨੂੰ ਸ਼ਹੀਦ ਕੀਤਾ ਗਿਆ ਤੇ ਉਸੇ ਹੀ ਦਿਨ ਮਾਤਾ ਗੁਜਰ ਕੌਰ ਅਕਾਲ ਚਲਾਣਾ ਕਰ ਗਏ। ਇੱਕ ਹੋਰ ਮੁਸਲਿਮ ਸ਼ਰਧਾਲੂ ਰਾਇ ਕੱਲਾ ਜੋ ਰਾਏਕੋਟ ਦਾ ਰਹਿਣ ਵਾਲਾ ਸੀ ਦੀ ਮਦਦ ਨਾਲ ਗੁਰੂ ਗੋਬਿੰਦ ਸਿੰਘ ਮਾਲਵੇ ਦੇ ਮੱਧ ਵਿੱਚ ਸਥਿਤ ਦੀਨਾ ਕਾਂਗੜ ਦੇ ਸਥਾਨ ਤੇ ਪਹੁੰਚੇ।

ਪ24.ਬਰਾੜ ਕਬੀਲੇ ਵਿੱਚੋਂ ਕਿੰਨੇ ਯੋਧੇ ਸਨ?
ੳ.ਦੀਨਾ ਕਾਂਗੜ ਦੀ ਜਗ੍ਹਾ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਰਾੜ ਕਬੀਲੇ ਦੇ ਸੈਂਕੜੇ ਯੋਧਿਆਂ ਦੀ ਸੂਚੀ ਤਿਆਰ ਕੀਤੀ ਅਤੇ ਆਪਣੀ ਮਸ਼ਹੂਰ ਫਾਰਸੀ ਲਿਖਤ ਜ਼ਫ਼ਰਨਾਮਾ;ਫਤਹਿ ਦੀ ਚਿੱਠੀ ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਿਖੀ। ਇਸ ਚਿੱਠੀ ਵਿੱਚ ਬਾਦਸ਼ਾਹ ਅਤੇ ਉਸ ਦੇ ਉਨ੍ਹਾਂ ਜਰਨੈਲਾਂ ਨੂੰ ਫਿਟਕਾਰਾਂ ਸਨ ਜਿਨ੍ਹਾਂ ਨੇ ਅਨੰਦਪੁਰ ਸਾਹਿਬ ਛੱਡਣ ਵੇਲੇ ਝੂਠੀਆਂ ਕਸਮਾਂ ਖਾਧੀਆਂ ਸਨ। ਇਸ ਚਿੱਠੀ ਵਿੱਚ ਰਾਜ ਕਰਨ ਲਈ ਜ਼ਰੂਰੀ ਨੈਤਿਕ ਕਦਰਾਂ ਕੀਮਤਾਂ ਅਤੇ ਮਨੁੱਖੀ ਕਰਤਵਾਂ ਦੀ ਗੱਲ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਦਿਆ ਸਿੰਘ ਅਤੇ ਧਰਮ ਸਿੰਘ ਨੂੰ ਜ਼ਫ਼ਰਨਾਮਾ ਔਰੰਗਜ਼ੇਬ ਤੱਕ ਪਹੁੰਚਾਉਣ ਲਈ ਦੱਖਣ ਵੱਲ ਅਹਿਮਦਨਗਰ ਭੇਜਿਆ।

ਪ24 ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਜਗ੍ਹਾ ਤੋਂ ਪੱਛਮ ਵੱਲ ਮਾਰਚ ਕਰਨਾ ਸ਼ੁਰੂ ਕੀਤਾ?
ੳ  ਦੀਨਾ ਕਾਂਗੜ ਦੀ ਜਗ੍ਹਾ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਪੱਛਮ ਵੱਲ ਮਾਰਚ ਕੀਤਾ। ਦੁਸ਼ਮਣ ਫੌਜ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪਿੱਛਾ ਕਰਦੀ ਆ ਰਹੀ ਸੀ। ਪੱਛਮ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਪਾਣੀ ਦੇ ਤਲਾਅ ਕੋਲ ਖਿਦਰਾਣੇ ਦੀ ਢਾਬ ਤੇ ਡੇਰਾ ਕੀਤਾ।ਉਨੱਤੀ ਦਸੰਬਰ 1705 ਨੂੰ ਇਸ ਜਗ੍ਹਾ ਤੇ ਬਹੁਤ ਹੀ ਭਿਅੰਕਰ ਯੁੱਧ ਹੋਇਆ। ਵੱਡੀ ਗਿਣਤੀ ਵਿੱਚ ਸੈਨਾ ਹੋਣ ਦੇ ਬਾਵਜੂਦ ਮੁਗਲ ਗੁਰੂ ਗੋਬਿੰਦ ਸਿੰਘ ਜੀ ਨੂੰ ਕੈਦ ਨਹੀਂ ਕਰ ਸਕੇ ਅਤੇ ਹਾਰ ਖਾ ਕੇ ਵਾਪਸ ਮੁੜੇ।

ਪ25..ਇਸ ਜੰਗ ਵਿੱਚ ਬਹਾਦਰੀ ਨਾਲ ਕੌਣ ਲੜਿਆ?

ਓ.ਇਸ ਜੰਗ ਵਿੱਚ ਉਹ ਚਾਲੀ ਸਿੰਘ ਬਹਾਦਰੀ ਨਾਲ ਲੜੇ ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਛੱਡ ਆਏ ਸਨ। ਉਨ੍ਹਾਂ ਚਾਲੀ ਸਿੰਘਾਂ ਨੂੰ ਉਨ੍ਹਾਂ ਦੀਆਂ ਘਰਾਂ ਦੀਆਂ ਔਰਤਾਂ ਨੇ ਲਾਹਣਤਾਂ ਪਾਈਆਂ ਤਾਂ ਉਹ ਮਾਈ ਭਾਗੋ ਦੀ ਕਮਾਨ ਹੇਠ ਮੁੜ ਗੁਰੂ ਜੀ ਨਾਲ ਆ ਰਲੇ। ਇਹ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਗਲਾਂ ਦੇ ਹੱਥੋਂ ਬਚਾਉਣ ਵਾਸਤੇ ਬੜੀ ਬਹਾਦਰੀ ਨਾਲ ਜੂਝਦੇ ਸ਼ਹੀਦ ਹੋਏ ਅਤੇ ਗੁਰੂ ਜੀ ਨੇ ਇਨ੍ਹਾਂ ਨੂੰ ਚਾਲੀ ਮੁਕਤਿਆਂ ਦਾ ਖਿਤਾਬ ਦਿੱਤਾ ਇਸ ਸਥਾਨ ਉੱਪਰ ਅੱਜ ਇੱਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਅਤੇ ਨਾਲ ਹੀ ਇੱਕ ਸਰੋਵਰ ਹੈ ਜਿਸ ਨੂੰ ਮੁਕਤਸਰ ਮਤਲਬ ਮੁਕਤੀ ਦਾ ਸਰੋਵਰ ਕਿਹਾ ਜਾਂਦਾ ਹੈ।

ਪ27. ਲੱਖੀ ਦੇ ਜੰਗਲਾਂ ਵਿੱਚ ਥੋੜ੍ਹਾ ਸਮਾਂ ਬਿਤਾਉਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਿੱਥੇ ਪਹੁੰਚੇ?
ਓ. ਲੱਖੀ ਦੇ ਜੰਗਲਾਂ ਵਿੱਚ ਥੋੜ੍ਹਾ ਸਮਾਂ ਬਿਤਾਉਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਦੀ ਜਨਵਰੀ 1706 ਨੂੰ ਤਲਵੰਡੀ ਸਾਬੋ ਵਿਖੇ ਪਹੁੰਚੇ। ਜਿਸ ਨੂੰ ਅੱਜ ਕੱਲ੍ਹ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਇਸ ਜਗ੍ਹਾ ਉੱਪਰ ਉਨ੍ਹਾਂ ਨੌ ਮਹੀਨੇ ਦਾ ਪੜਾਅ ਕੀਤਾ। ਕਈ ਹੋਰ ਸਿੱਖ ਇਸ ਜਗ੍ਹਾ ਗੁਰੂ ਜੀ ਨਾਲ ਆਣ ਕੇ ਜੁੜ ਗਏ।ਇਸ ਜਗ੍ਹਾ ਉੱਪਰ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਨਵੀਆਂ ਬੀੜਾਂ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈਆਂ। ਹੋਰ ਜਗ੍ਹਾ ਤੋਂ ਵੀ ਸਾਹਿਤਕ ਰੁਚੀ ਰੱਖਣ ਵਾਲੇ ਲੋਕ ਜਿਸ ਜਗ੍ਹਾ ਉੱਪਰ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਇਸ ਸਥਾਨ ਨੂੰ ਗੁਰੂ ਕੀ ਕਾਸ਼ੀ ਦੇ ਨਾਮ ਨਾਲ ਜਾਣਿਆ ਜਾਣ ਲੱਗਾ।

ਪ28. ਜ਼ਫ਼ਰਨਾਮੇ ਨੇ ਔਰੰਗਜ਼ੇਬ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ?
ਓ. ਦੀਨਾ ਕਾਂਗੜ ਦੇ ਸਥਾਨ ਤੋਂ ਭੇਜਿਆ ਜ਼ਫ਼ਰਨਾਮਾ ਬਾਦਸ਼ਾਹ ਔਰੰਗਜ਼ੇਬ ਦੇ ਦਿਲ ਨੂੰ ਛੂਹ ਗਿਆ। ਇਸ ਤੋਂ ਬਾਅਦ ਬਾਦਸ਼ਾਹ ਅਕਬਰ ਨੇ ਗੁਰੂ ਗੋਬਿੰਦ ਸਿੰਘ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਏਕਮ ਏ ਆਲਮਗੀਰੀ ਅਨੁਸਾਰ ਬਾਦਸ਼ਾਹ ਅਕਬਰ ਨੇ ਲਾਹੌਰ ਦੇ ਗਵਰਨਰ ਮੁਨੀਮ ਖਾਨ ਨੂੰ ਗੁਰੂ ਗੋਬਿੰਦ ਸਿੰਘ ਨਾਲ ਸੁਲਾਹ ਕਰਨ ਤੇ ਉਨ੍ਹਾਂ ਦੀ ਦੱਖਣ ਵੱਲ ਯਾਤਰਾ ਦੇ ਬੰਦੋਬਸਤ ਕਰਨ ਲਈ ਕਿਹਾ ਪਰ ਉਦੋਂ ਤੱਕ ਗੁਰੂ ਗੋਬਿੰਦ ਸਿੰਘ ਦੀ ਅਕਤੂਬਰ 1706 ਨੂੰ ਦੱਖਣ ਵੱਲ ਚਾਲੇ ਪਾ ਚੁੱਕੇ ਸਨ।

ਪ29. ਗੁਰੂ ਗੋਬਿੰਦ ਸਿੰਘ ਉਸ ਸਮੇਂ ਕਿਸ ਜਗ੍ਹਾ ਸਨ ਜਦੋਂ ਬਾਦਸ਼ਾਹ ਔਰੰਗਜ਼ੇਬ ਦੀ ਮੌਤ ਦੀ ਖਬਰ ਪਹੁੰਚੀ?
ਓ. ਗੁਰੂ ਜੀ ਉਸ ਸਮੇਂ ਭਗੌਰ, ਰਾਜਸਥਾਨ ਦੇ ਨਜ਼ਦੀਕ ਸਨ ਜਦੋਂ 20 ਫਰਵਰੀ 1707 ਨੂੰ ਬਾਦਸ਼ਾਹ ਦੀ ਮੌਤ ਦੀ ਖਬਰ ਪਹੁੰਚੀ। ਇਸ ਸਥਾਨ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਹਜਹਾਨਾਬਾਦ ਰਾਹੀਂ ਪੰਜਾਬ ਪਹੁੰਚਣ ਦਾ ਫ਼ੈਸਲਾ ਲਿਆ।

ਪ30. 23 ਜੁਲਾਈ 1707 ਨੂੰ ਕੀ ਵਾਪਰਿਆ?
ਓ. ਇਹ ਉਹ ਸਮਾਂ ਸੀ ਜਦੋਂ ਮਰ ਚੁੱਕੇ ਬਾਦਸ਼ਾਹ ਦੇ ਪੁੱਤਰ ਗੱਦੀ ਲਈ ਜੂਝ ਰਹੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਦਸ਼ਾਹ ਦੇ ਵੱਡੇ ਸਪੁੱਤਰ ਸ਼ਹਿਜ਼ਾਦਾ ਮੌਜਮ ਦੀ ਮਦਦ ਕੀਤੀ। ਸਿੱਖ ਫ਼ੌਜ ਦੀ ਇੱਕ ਟੁਕੜੀ ਨੇ ਅੱਠ ਜੂਨ 1707 ਨੂੰ ਜੈਜੋਂ ਦੀ ਜੰਗ ਵਿੱਚ ਹਿੱਸਾ ਲਿਆ। ਉਨ੍ਹਾਂ ਦੀ ਮਦਦ ਨਾਲ ਸ਼ਹਿਜ਼ਾਦੇ ਦੀ ਜਿੱਤ ਹੋਈ ਅਤੇ ਉਹ ਬਹਾਦਰ ਸ਼ਾਹ ਦੇ ਨਾਮ ਨਾਲ ਅਗਲਾ ਬਾਦਸ਼ਾਹ ਬਣਿਆ। ਫਿਰ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮੁਲਾਕਾਤ ਲਈ ਬੁਲਾਇਆ ਅਤੇ ਆਗਰਾ ਵਿਖੇ 23 ਜੁਲਾਈ 1707 ਨੂੰ ਇਹ ਮੁਲਾਕਾਤ ਹੋਈ।

ਪ31. ਬਾਦਸ਼ਾਹ ਦੇ ਛੋਟੇ ਭਰਾ ਨੇ ਕਿਸ ਜਗ੍ਹਾ ਤੋਂ ਬਗਾਵਤ ਸ਼ੁਰੂ ਕੀਤੀ?
ਓ. ਜਿਸ ਸਮੇਂ ਬਾਦਸ਼ਾਹ ਜੈਪੁਰ ਦੇ ਕੁਸ਼ਵਾਹਾ ਰਾਜਪੂਤਾਂ ਖਿਲਾਫ ਮੁਹਿੰਮ ਤੇ ਸੀ ਤਾਂ ਉਸ ਸਮੇਂ ਦੱਖਣ ਵਿੱਚੋਂ ਦੇ ਛੋਟੇ ਭਰਾ ਕਾਮ ਬਖਸ਼ ਨੇ ਬਗ਼ਾਵਤ ਸ਼ੁਰੂ ਕੀਤੀ। ਗੁਰੂ ਗੋਬਿੰਦ ਸਿੰਘ ਅਤੇ ਬਾਦਸ਼ਾਹ ਇਕੱਠੇ ਦੱਖਣ ਵੱਲ ਵਧੇ। ਨਰਮਦਾ ਨਦੀ ਦੇ ਕਿਨਾਰੇ ਗਿਆਰਾਂ ਤੋਂ ਚੌਦਾਂ ਜੂਨ 1708 ਅਤੇ ਚੌਦਾਂ ਅਗਸਤ 1708 ਨੂੰ ਬਾਣ ਗੰਗਾ ਦੇ ਕਿਨਾਰੇ ਪੜਾਅ ਕੀਤਾ।

ਪ32.ਗੁਰੂ ਗੋਬਿੰਦ ਸਿੰਘ ਨਾਂਦੇੜ ਕਦੋਂ ਪਹੁੰਚੇ?
ਓ. ਗੁਰੂ ਗੋਬਿੰਦ ਸਿੰਘ 1708 ਵਿੱਚ ਅਗਸਤ ਮਹੀਨੇ ਦੇ ਅਖੀਰ ਵਿੱਚ ਗੋਦਾਵਰੀ ਦੇ ਕੰਢੇ ਨੰਦੇੜ ਪਹੁੰਚੇ। ਉਸ ਸਮੇਂ ਬਹਾਦਰ ਸ਼ਾਹ ਹੋਰ ਦੱਖਣ ਵੱਲੋਂ ਵਧਿਆ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਨੰਦੇੜ ਵਿਖੇ ਹੀ ਰੁਕਣ ਦਾ ਫੈਸਲਾ ਕੀਤਾ। ਜਿੱਥੇ ਉਨ੍ਹਾਂ ਦੀ ਮੁਲਾਕਾਤ ਮਾਧੋ ਦਾਸ ਨਾਮ ਦੇ ਬੈਰਾਗੀ ਨਾਲ ਹੋਈ। ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਵਿੱਚ ਖੰਡੇ ਦੀ ਪਾਹੁਲ ਦੇ ਕੇ ਸ਼ਾਮਲ ਕੀਤਾ ਅਤੇ ਉਸ ਦਾ ਨਾਮ ਗੁਰਬਖਸ਼ ਸਿੰਘ ਰੱਖਿਆ ਜੋ ਬਾਅਦ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਮ ਨਾਲ ਮਸ਼ਹੂਰ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਪੰਜ ਤੀਰ, ਨਿਸ਼ਾਨ ਸਾਹਿਬ ਤੇ ਪੰਜਾਂ ਸਿੰਘਾਂ ਦਾ ਜਥਾ ਦੇ ਜ਼ਾਲਮ ਹਕੂਮਤ ਦੀਆਂ ਜੜ੍ਹਾਂ ਵੱਢਣ ਪੰਜਾਬ ਵੱਲ ਤੋਰਿਆ।

ਪ33. ਬਾਦਸ਼ਾਹ ਵੱਲੋਂ ਗੁਰੂ ਸਾਹਿਬ ਨਾਲ ਕੀਤੇ ਵਿਵਹਾਰ ਤੋਂ ਕੌਣ ਚਿੰਤਤ ਸੀ?

ਓ.ਬਾਦਸ਼ਾਹ ਵੱਲੋਂ ਗੁਰੂ ਸਾਹਿਬ ਨਾਲ ਕੀਤੇ ਵਿਵਹਾਰ ਤੋਂ ਵਜ਼ੀਰ ਖਾਨ ਚਿੰਤਤ ਸੀ। ਗੁਰੂ ਸਾਹਿਬ ਅਤੇ ਬਾਦਸ਼ਾਹ ਵੱਲੋਂ ਇਕੱਠੇ ਦੱਖਣ ਵੱਲ ਜਾਣਾ ਵੀ ਉਸ ਨੂੰ ਚੰਗਾ ਨਾ ਲੱਗਿਆ ਅਤੇ ਉਸ ਨੇ ਆਪਣੇ ਦੋ ਭਰੋਸੇਯੋਗ ਬੰਦਿਆਂ  ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਕਤਲ ਕਰਨ ਵਾਸਤੇ ਭੇਜਿਆ।

ਪ34. ਗੁਰੂ ਸਾਹਿਬ ਉੱਪਰ ਖੰਜਰ ਨਾਲ ਹਮਲਾ ਕਿਸ ਨੇ ਕੀਤਾ?
ਓ. ਗੁਰੂ ਕੀਆਂ ਸਾਖੀਆਂ ਅਨੁਸਾਰ ਦੋ ਪਠਾਣ ਜਮਸ਼ੇਦ ਖਾਨ ਅਤੇ ਵਾਸਲ ਬੇਗ ਨੇ ਗੁਰੂ ਗੋਬਿੰਦ ਸਿੰਘ ਉੱਪਰ ਖੰਜਰ ਨਾਲ ਹਮਲਾ ਕੀਤਾ।
ਉਸ ਸਮੇਂ ਦੇ ਕਵੀ ਸੈਨਾਪਤ  ਦੇ ਗ੍ਰੰਥ ਸ੍ਰੀ ਗੁਰੂ ਸੋਭਾ ਅਨੁਸਾਰ ਦੋਵਾਂ ਪਠਾਣਾਂ ਵਿੱਚੋਂ ਇੱਕ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖੱਬੇ ਪਾਸੇ ਦਿਲ ਤੋਂ ਹੇਠਾਂ ਉਸ ਸਮੇਂ ਖੰਜਰ ਨਾਲ ਵਾਰ ਕੀਤਾ ਜਦੋਂ ਉਹ ਆਪਣੇ ਤੰਬੂ ਵਿੱਚ ਰਹਿਰਾਸ ਦੀ ਅਰਦਾਸ ਤੋਂ ਬਾਅਦ ਆਰਾਮ ਕਰ ਰਹੇ ਸਨ।

ਪ35. ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਮਲਾਵਰਾਂ ਨੂੰ ਮਾਰਨ ਵਾਸਤੇ ਕੀ ਕੀਤਾ?
ਓ.ਇਸ ਤੋਂ ਪਹਿਲਾਂ ਕਿ ਪਠਾਨ ਦੂਜਾ ਹਮਲਾ ਕਰਦਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤਲਵਾਰ ਦੇ ਨਾਲ ਉਸ ਨੂੰ ਮਾਰ ਦਿੱਤਾ ਅਤੇ ਭੱਜ ਰਹੇ ਦੂਜੇ ਪਠਾਨ ਨੂੰ ਸਿੱਖਾਂ ਨੇ ਕਤਲ ਕਰ ਦਿੱਤਾ। ਜਦੋਂ ਬਹਾਦਰ ਸ਼ਾਹ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨੇ ਮਾਹਿਰ ਵੈਦ ਹਕੀਮ ਜਿਨ੍ਹਾਂ ਵਿੱਚ ਇੱਕ ਅੰਗਰੇਜ਼ 'ਕੋਲ' ਵੀ ਸ਼ਾਮਲ ਸੀ ਨੂੰ ਗੁਰੂ ਸਾਹਿਬ ਦੇ ਇਲਾਜ ਵਾਸਤੇ ਭੇਜਿਆ। ਜ਼ਖਮ ਨੂੰ ਟਾਂਕੇ ਲਗਾ ਕੇ ਬੰਦ ਕਰ ਦਿੱਤਾ ਗਿਆ। ਕੁਝ ਸਮੇਂ ਬਾਅਦ ਜ਼ਖ਼ਮ ਠੀਕ ਹੋਣ ਲੱਗਾ ਪਰ ਇੱਕ ਦਿਨ ਤੀਰ ਨੂੰ ਕਮਾਨ ਦੇ ਤੰਦੇ ਤੇ ਚੜ੍ਹਦਿਆਂ ਜ਼ੋਰ ਲੱਗਣ ਕਰਕੇ ਉਹ ਜ਼ਖ਼ਮ ਦੁਬਾਰਾ ਖੁੱਲ੍ਹ ਗਿਆ।

ਪ36.ਗੁਰੂ ਜੀ ਜੋਤੀ ਜੋਤ ਕਦੋਂ ਸਮਾਏ?
ਓ. ਜ਼ਖਮ ਦੇ ਦੁਬਾਰਾ ਖੁੱਲ੍ਹ ਜਾਣ ਕਰਕੇ ਗੁਰੂ ਜੀ ਦੀ ਸਿਹਤ ਕਮਜ਼ੋਰ ਹੋ ਗਈ। ਗੁਰੂ ਗੋਬਿੰਦ ਸਿੰਘ ਕੱਤਕ ਸੁਦੀ ਪੰਜ 1765 ਸੰਮਤ, ਸੱਤ ਅਕਤੂਬਰ 1708 ਨੂੰ ਜੋਤੀ ਜੋਤ ਸਮਾਏ।

ਪ37 ਛੇ ਅਕਤੂਬਰ 1708ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕੀਤਾ?
ਓ.ਗੁਰੂ ਗੋਬਿੰਦ ਸਿੰਘ ਜੀ ਨੇ ਪਵਿੱਤਰ ਬੀੜ ਆਪਣੇ ਸਾਹਮਣੇ ਲਿਆਉਣ ਲਈ ਕਿਹਾ। ਭੱਟ ਵਹੀ ਅਨੁਸਾਰ ਗੁਰੂ ਗੋਬਿੰਦ ਸਿੰਘ ਦਸਵੇਂ ਗੁਰੂ ਸਪੁੱਤਰ ਸ੍ਰੀ ਗੁਰੂ ਤੇਗ ਬਹਾਦਰ, ਗੁਰੂ ਹਰਗੋਬਿੰਦ ਜੀ ਦੇ ਪੋਤਰੇ, ਗੁਰੂ ਅਰਜਨ ਦੇਵ ਜੀ ਦੇ ਪੋਤੇ ਅਤੇ ਗੁਰੂ ਰਾਮਦਾਸ ਸੂਰਜ ਬੰਸੀ ਸੋਢੀ ਖੱਤਰੀ ਦੇ ਪਰਿਵਾਰ ਵਿੱਚੋਂ,ਨਿਵਾਸੀ ਆਨੰਦਪੁਰ ਸਾਹਿਬ ਪਰਗਨਾ ਕਹਿਲੂਰ ਇਸ ਸਮੇਂ ਨਾਂਦੇੜ ਵਿਖੇ ਗੋਦਾਵਰੀ ਨਦੀ ਦੇ ਕੰਢੇ ਭਾਈ ਦਿਆ ਸਿੰਘ ਨੂੰ ਬੁੱਧਵਾਰ ਛੇ ਅਕਤੂਬਰ 1708 ਨੂੰ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਆਓ। ਹੁਕਮ ਮੰਨਦਿਆਂ ਦਿਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਆਏ।ਗੁਰੂ ਸਾਹਿਬ ਨੇ ਪੰਜ ਪੈਸੇ ਤੇ ਇੱਕ ਨਾਰੀਅਲ ਰੱਖ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਆਪਣਾ ਸੀਸ ਝੁਕਾਇਆ ਅਤੇ ਸੰਗਤ ਨੂੰ ਕਿਹਾ ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।

ਪ38.ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਗੱਦੀ ਕਿਸ ਨੂੰ ਦਿੱਤੀ?
ਓ.ਗੁਰੂ ਗੋਬਿੰਦ ਸਿੰਘ ਜੀ ਨੇ ਪੂਰੇ ਰੀਤ ਰਿਵਾਜ ਨਾਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ ਅਤੇ ਇਹ ਆਤਮਾ ਗ੍ਰੰਥ ਵਿੱਚ ਤੁੱਕ ਨੂੰ ਹੁਣ ਪੂਰਾ ਕਰਦਿਆਂ ਕਿਹਾ ਕਿ ਜਿੱਥੇ ਵੀ ਪੰਜ ਖਾਲਸੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਹਾਜ਼ਰ ਹੋਣਗੇ ਉੱਥੇ ਮੈਂ ਖੁਦ ਹਾਜ਼ਰ ਹੋਵਾਂਗਾ। ( ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ)

ਪ39.ਗੁਰੂ ਕੌਣ ਸੀ?
ਓ. ਗੁਰੂ ਸ਼ਬਦ ਦਾ ਰਚਨਹਾਰ ਸੀ। ਇੱਕ ਦਿਨ ਉਸੇ ਸ਼ਬਦ ਨੇ ਗੁਰੂ ਸਾਹਿਬ ਦਾ ਸਥਾਨ ਲੈਣਾ ਸੀ। ਇਹ ਮੌਕਾ ਉਦੋਂ ਆਇਆ ਜਦੋਂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ। ਇਹ ਸ਼ਬਦ ਦੇ ਰਾਹੀਂ ਹੀ ਸੰਭਵ ਸੀ ਕਿ ਗੁਰਤਾ ਗੱਦੀ ਹਮੇਸ਼ਾਂ ਲਈ ਸਥਾਪਤ ਹੋ ਗਈ। ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਸ਼ਬਦ ਸਿੱਖਾਂ ਵਾਸਤੇ ਹਮੇਸ਼ਾਂ ਹਮੇਸ਼ਾਂ ਲਈ ਗੁਰੂ ਦਾ ਰੂਪ ਹੋ ਗਿਆ।